بِسْمِ اللّٰهِ الرَّحْمٰنِ الرَّحِيْمِ    نَحْمَدُهٗ وَ نُصَلِّيْ عَلٰى رَسُوْلِهِ الْكَرِيْمِ    وَعَلٰى عَبْدِهِ الْمَسِيْحِ الْمَوْعُوْد
لَا اِلٰهَ اِلَّا اللّٰهُ مُحَمَّدٌ رَّسُوْلُ اللّٰهِ

دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਤਾਬੂਕ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 21 ਨਵੰਬਰ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਗ਼ਜ਼ਵਾ ਤਬੂਕ ਬਾਰੇ ਬਿਆਨ ਹੋ ਰਿਹਾ ਸੀ। ਇਸ ਸਫ਼ਰ ਦੀ ਹੋਰ ਤਫ਼ਸੀਲ ਅੱਜ ਬਿਆਨ ਕਰਾਂਗਾ। ਇਸ ਮੌਕ਼ੇ ‘ਤੇ **ਮੁਨਾਫ਼ਿਕ਼ਾਂ** ਦੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ **ਤਕਲੀਫ਼** ਪਹੁੰਚਾਉਣ ਦੀਆਂ ਕੋਸ਼ਿਸ਼ਾਂ ਦਾ ਵੀ ਜ਼ਿਕਰ ਹੋਇਆ ਹੈ, ਜਿਸ ਦੀ ਤਫ਼ਸੀਲ ਇੰਝ ਹੈ। ਗ਼ਜ਼ਵਾ ਤਬੂਕ ਦੇ ਪਿੱਛੇ ਅਸਲ ਵਿੱਚ **ਯਹੂਦੀਆਂ** ਅਤੇ **ਇਸਾਈਆਂ** ਅਤੇ **ਮੁਨਾਫ਼ਿਕ਼ਾਂ** ਦੀ ਸਾਂਝੀ ਸਾਜ਼ਿਸ਼ ਸੀ। ਮਦੀਨੇ ਤੋਂ ਤਬੂਕ ਦਾ ਸਫ਼ਰ ਦਰ ਹਕ਼ੀਕ਼ਤ ਮੌਤ ਦੀ ਵਾਦੀ ਦਾ ਸਫ਼ਰ ਸੀ। ਮੁਨਾਫ਼ਿਕ਼ਾਂ ਨੇ ਇਸ ਮੌਕ਼ੇ ‘ਤੇ ਇਹ ਸਾਜ਼ਿਸ਼ ਕੀਤੀ ਕਿ ਵਾਪਸੀ ਦੇ ਸਫ਼ਰ ਵਿੱਚ ਇੱਕ ਮੁਕ਼ਾਮ ਅਜਿਹਾ ਸੀ ਜਿੱਥੇ ਰਸਤਾ ਦੋ ਹਿੱਸਿਆਂ ਵਿੱਚ ਅਲੱਗ ਹੁੰਦਾ ਸੀ। ਇੱਕ ਵਾਦੀ ਦਾ ਲੰਮਾ ਰਸਤਾ ਸੀ ਜਦਕਿ ਦੂਸਰਾ ਮੁਸ਼ਕਿਲ ਅਤੇ ਤੰਗ ਘਾਟੀ ਦਾ ਰਸਤਾ ਸੀ, ਇਹ ਰਸਤਾ ਛੋਟਾ ਵੀ ਸੀ। ਮੁਨਾਫ਼ਿਕ਼ਾਂ ਨੇ ਇਹ **ਮਨਸੂਬਾ ਬੰਦੀ** ਕੀਤੀ ਕਿ ਜਦ ਘਾਟੀ ‘ਚੋਂ ਮੁਸਲਮਾਨਾਂ ਦੀ ਫ਼ੌਜ ਲੰਘ ਰਹੀ ਹੋਵੇਗੀ ਤਾਂ ਲੋਕਾਂ ਦੇ ਰਸ਼ ਦੇ ਦਰਮਿਆਨ ਰਾਤ ਦੇ ਵੇਲੇ ਸਾਰੇ ਮੁਨਾਫ਼ਿਕ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਊਠਣੀ ਦੇ ਆਲੇ ਦੁਆਲੇ ਜਮ੍ਹਾ ਹੋ ਜਾਣਗੇ ਅਤੇ **ਊਠਣੀ** ਨੂੰ ਜ਼ਬਰਦਸਤੀ ਘਾਟੀ ਦੇ ਕਿਨਾਰੇ ਦੇ ਵੱਲ ਹੱਕ ਦਿੱਤਾ ਜਾਵੇਗਾ ਅਤੇ ਕਜਾਵੇ ਦੀਆਂ ਰੱਸੀਆਂ ਨੂੰ ਵੱਢ ਦਿੱਤਾ ਜਾਵੇਗਾ। ਇੰਝ ਊਠਣੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਨਊਜ਼ੁਬਿੱਲਾਹ ਖਾਈ ਵਿੱਚ ਸੁੱਟ ਦੇਵੇਗੀ। ਅੱਲਾਹ ਤਆਲਾ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਮੁਨਾਫ਼ਿਕ਼ਾਂ ਦੀ ਇਸ ਸਾਜ਼ਿਸ਼ ਤੋਂ **ਆਗਾਹ** ਕਰ ਦਿੱਤਾ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਐਲਾਨ ਕਰ ਦਿੱਤਾ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਤਿੰਨ ਸਾਥੀਆਂ ਦੇ ਇਲਾਵਾ ਕੋਈ ਵੀ ਘਾਟੀ ਵੱਲ ਨਹੀਂ ਜਾਵੇਗਾ।

ਇਸ ਦੇ ਬਾਵਜੂਦ ਮੁਨਾਫ਼ਿਕ਼ਾਂ ਨੇ ਫ਼ੌਰਨ ਇਹ ਮਨਸੂਬਾ ਬਣਾਇਆ ਕਿ ਬਾਰਾਂ-ਪੰਦਰਾਂ ਆਦਮੀ ਆਪਣਿਆਂ ਚਿਹਰਿਆਂ ਨੂੰ ਕੱਪੜਿਆਂ ਨਾਲ ਢੱਕ ਕੇ ਤੇਜ਼ੀ ਨਾਲ ਘਾਟੀ ਵੱਲ ਨਿਕਲ ਜਾਣ ਅਤੇ ਅਚਾਨਕ ਊਠਣੀ ਨੂੰ ਭਜਾਉਣਾ ਸ਼ੁਰੂ ਕਰ ਦੇਣ ਅਤੇ ਉਸਨੂੰ **ਬੁਦਕਾ** ਕੇ ਨਊਜ਼ੁਬਿੱਲਾਹ ਇਸ ਹਾਦਸੇ ਵਿੱਚ ਕਾਮਯਾਬ ਹੋ ਜਾਣ, ਜਿਸ ਦੀ ਖ਼ਾਹਿਸ਼ ਕਰ ਰਹੇ ਸਨ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਜਦ ਘਾਟੀ ਵਿੱਚ ਚੱਲ ਰਹੇ ਸਨ ਤਾਂ ਅਚਾਨਕ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਲੋਕਾਂ ਦੀ ਆਹਟ ਸੁਣੀ। ਉਹ ਲੋਕ ਉੱਠਣੀ ਦੇ ਕੋਲ ਆ ਗਏ ਤੇ ਉਸਨੂੰ **ਡਰਾਇਆ**। ਇਸ ਦੀ ਵਜ੍ਹਾ ਨਾਲ ਕੁੱਝ ਸਮਾਨ ਵੀ ਡਿੱਗ ਗਿਆ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਹੁਜ਼ੈਫ਼ਾ ਰਜ਼ਿ ਅੱਲਾਹੁ ਅਨਹੁ ਨੂੰ ਹੁਕਮ ਦਿੱਤਾ ਕਿ ਇਨ੍ਹਾਂ ਮੁਨਾਫ਼ਿਕ਼ਾਂ ਨੂੰ **ਹਮਲਾ** ਕਰਕੇ ਡਰਾਇਆ ਜਾਵੇ। ਚੁਨਾਂਚਿ ਹਜ਼ਰਤ

ਹੁਜ਼ੈਫ਼ਾ ਰਜ਼ਿ ਅੱਲਾਹੁ ਅਨਹੁ ਡੰਡੇ ਨਾਲ਼ ਮੁਨਾਫ਼ਿਕ਼ਾਂ ਦੀ ਸਵਾਰੀਆਂ ਨੂੰ ਮਾਰਨ ਲੱਗੇ ਅਤੇ ਕਹਿਣ ਲੱਗੇ ਕਿ ਅੱਲਾਹ ਦੇ ਦੁਸ਼ਮਣੋ! ਇੱਕ ਪਾਸੇ ਹਟੋ! ਮੁਨਾਫ਼ਿਕ਼ ਸਮਝ ਗਏ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਉਨ੍ਹਾਂ ਦੀ ਸਾਜਿਸ਼ ਤੋਂ ਆਗਾਹ ਹੋ ਚੁੱਕੇ ਹਨ, ਇਸ ਲਈ ਉਹ ਫ਼ੌਰਨ ਇੱਕ ਪਾਸੇ ਹਟੇ ਅਤੇ ਵਾਪਿਸ ਆ ਕੇ ਫ਼ੌਜ ਵਿੱਚ ਮਿਲ਼ ਜੁਲ਼ ਗਏ।

ਇੱਕ ਰਿਵਾਇਤ ਦੇ ਮੁਤਾਬਿਕ਼ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਅੱਲਾਹ ਤਆਲਾ ਨੇ ਉਨ੍ਹਾਂ ਮੁਨਾਫ਼ਿਕ਼ਾਂ ਦੇ **ਨਾਵਾਂ** ਤੋਂ ਵੀ ਆਗਾਹ ਫ਼ਰਮਾ ਦਿੱਤਾ ਸੀ। ਚੁਨਾਂਚਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਹੁਜ਼ੈਫ਼ਾ ਰਜ਼ਿ ਅੱਲਾਹੁ ਅਨਹੁ ਨੂੰ ਫ਼ਰਮਾਇਆ ਕਿ ਮੈਂ ਤੇਰੇ ਨਾਲ਼ ਇੱਕ **ਰਾਜ਼** ਦੀ ਗੱਲ ਕਰਨ ਲੱਗਾ ਹਾਂ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਅੱਲਾਹ ਤਆਲਾ ਨੇ ਮੈਨੂੰ ਉਨ੍ਹਾਂ **ਹਮਲਾਵਰਾਂ** ਦੇ ਨਾਮ ਦੱਸ ਦਿੱਤੇ ਹਨ ਅਤੇ ਮੈਨੂੰ ਹੁਕਮ ਦਿੱਤਾ ਹੈ ਕਿ ਮੈਂ ਉਨ੍ਹਾਂ ਦੀ **ਨਮਾਜ਼ਿ ਜਨਾਜ਼ਾ** ਨਾ ਪੜ੍ਹਾਂ।

ਫ਼ਤਹਿ ਮੱਕਾ ਹੋਣ ਦੇ ਬਾਅਦ ਮੁਨਾਫ਼ਿਕ਼ਾਂ ਦੀ ਸਾਜ਼ਿਸ਼ਾਂ ਵਿੱਚ ਤੇਜ਼ੀ ਆ ਗਈ ਸੀ। ਜਦ ਉਨ੍ਹਾਂ ਨੇ ਦੇਖਿਆ ਕਿ ਯਹੂਦੀਆਂ ਦੇ ਕ਼ਬੀਲੇ ਹੁਣ ਆਪਣੀ **ਤਾਕ਼ਤ** ਖੋ ਚੁੱਕੇ ਹਨ ਤਾਂ ਉਨ੍ਹਾਂ ਨੇ ਅਰਬ ਦੇ ਬਾਹਰ ਕ਼ੈਸਰਿ ਰੋਮ ਵਰਗੀਆਂ ਤਾਕ਼ਤਾਂ ਤੋਂ ਮਦਦ ਮੰਗਣ ਦਾ ਮਨਸੂਬਾ ਬਣਾਇਆ। ਉਸ ਦੇ ਨਾਲ਼ ਨਾਲ਼ ਮਦੀਨੇ ਵਿੱਚ ਵੀ ਇੱਕ ਪੱਕਾ **ਕੇਂਦਰ** ਬਣਾਉਣ ਦਾ ਮਨਸੂਬਾ ਤਿਆਰ ਕੀਤਾ। ਮੁਨਾਫ਼ਿਕ਼ਾਂ ਦੀ ਮਨਸੂਬਾਬੰਦੀ ਇਹ ਸੀ ਕਿ ਇੱਕ ਅਜਿਹਾ ਕੇਂਦਰ ਹੋਵੇ ਜਿੱਥੇ ਮੁਸਲਮਾਨਾਂ ਦੇ ਖ਼ਿਲਾਫ਼ **ਸਾਜ਼ਿਸ਼ਾਂ** ਤਿਆਰ ਹੋਣ ਅਤੇ ਉੱਥੇ **ਅਸਲ੍ਹਾ** ਵੀ ਜਮ੍ਹਾ ਰੱਖਿਆ ਜਾਵੇ। ਪਰ ਬਜ਼ਾਹਿਰ ਉਹ ਕੇਂਦਰ ਅਜਿਹਾ ਹੋਵੇ ਕਿ ਦੂਸਰੇ ਮੁਸਲਮਾਨਾਂ ਨੂੰ ਸ਼ੱਕ ਵੀ ਨਾ ਹੋਵੇ।

ਅਬੂ ਆਮਿਰ ਜੋ ਕੁੱਝ ਅਰਸਾ ਮੰਜ਼ਰ ਤੋਂ ਗ਼ਾਇਬ ਰਿਹਾ ਸੀ, ਅਚਾਨਕ ਸਾਹਮਣੇ ਆ ਗਿਆ ਅਤੇ ਪ੍ਰੋਪਾਗੰਡਾ ਕਰਨ ਵਾਲਿਆਂ ਨੇ ਉਸਨੂੰ ਅੱਬੂ ਆਮਿਰ ਰਾਹਿਬ ਕਹਿਣਾ ਸ਼ੁਰੂ ਕਰ ਦਿੱਤਾ। ਅਬੂ ਆਮਿਰ ਕ਼ਬੀਲਾ ਖ਼ਜ਼ਰਜ ਨਾਲ਼ ਤਅੱਲੁਕ਼ ਰੱਖਦਾ ਸੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਮਦੀਨੇ ਆਉਣ ਦੇ ਬਾਅਦ ਇਹ ਮੱਕੇ ਚਲਾ ਗਿਆ ਸੀ ਅਤੇ ਉਸਨੇ ਕੁਰੈਸ਼ ਨੂੰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨਾਲ਼ ਜੰਗ 'ਤੇ ਉਭਾਰਿਆ ਸੀ। ਉਸ ਦੇ ਬਾਰੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਦੁਆ ਕੀਤੀ ਸੀ ਕਿ ਆਪਣੇ ਵਤਨ ਤੋਂ ਦੂਰ ਤਨਹਾਈ ਦੀ ਮੌਤ ਮਰੇ। ਅਬੂ ਆਮਿਰ ਨੇ ਹੀ ਮੁਨਾਫ਼ਿਕ਼ਾਂ ਨੂੰ ਇਹ ਸਲਾਹ ਦਿੱਤੀ ਕਿ ਤੁਸੀਂ ਲੋਕ **ਕ਼ਿਬਾ** ਵਿੱਚ ਇੱਕ **ਮਸਜਿਦ** ਬਣਾਓ ਅਤੇ ਉੱਥੇ ਆਪਣਾ **ਫ਼ੌਜੀ ਅੱਡਾ** ਬਣਾ ਕੇ ਜੰਗ ਦੀ ਤਿਆਰੀ ਕਰੋ। ਅਬੂ ਆਮਿਰ ਆਪ ਰੋਮੀ ਸਲਤਨਤ ਦੇ ਵੱਲ ਨਿਕਲ਼ ਗਿਆ ਸੀ ਅਤੇ ਸ਼ਾਮ ਵਿੱਚ ਰੋਮੀ ਬਾਦਸ਼ਾਹ ਕ਼ੈਸਰ ਨੂੰ ਮੁਸਲਮਾਨਾਂ ਦੇ ਖ਼ਿਲਾਫ਼ **ਭੜਕਾਉਂਦਾ** ਰਿਹਾ, ਉਸ ਨੂੰ ਮੁਸਲਮਾਨਾਂ ਨਾਲ਼ ਜੰਗ 'ਤੇ ਉਕਸਾਇਆ। ਉਸਨੇ ਕ਼ੈਸਰ ਨੂੰ ਕਿਹਾ ਕਿ ਮੁਸਲਮਾਨ ਥੋੜ੍ਹੀ ਤਾਅਦਾਦ ਵਾਲ਼ੇ **ਕਮਜ਼ੋਰ** ਅਤੇ **ਗ਼ਰੀਬ** ਹਨ। ਉਨ੍ਹਾਂ ਦੇ ਦੁਸ਼ਮਣ ਜ਼ਿਆਦਾ ਹਨ ਅਤੇ ਤੁਹਾਨੂੰ ਉਨ੍ਹਾਂ ਤੋਂ ਡਰਨ ਦੀ ਲੋੜ ਨਹੀਂ। ਪਰ ਜੇਕਰ ਤੁਸੀਂ ਉਨ੍ਹਾਂ ਦੇ ਖ਼ਿਲਾਫ਼ ਅਜੇ ਕੋਈ ਕ਼ਦਮ ਨਾ ਚੁੱਕਿਆ ਤਾਂ ਭਵਿੱਖ ਵਿੱਚ ਇਹ ਤੁਹਾਡੀ ਸਲਤਨਤ ਦੇ ਲਈ ਚੰਗਾ ਨਾ ਹੋਵੇਗਾ। ਹਰਕ਼ਲ ਨੇ ਉਸਨੂੰ ਆਪਣੇ ਕੋਲ਼ ਠਹਿਰਾਇਆ ਅਤੇ ਤਸੱਲੀ ਦਿੱਤੀ ਅਤੇ ਵਾਅਦਾ ਕੀਤਾ ਕਿ ਤੁਹਾਡੀ ਮਦਦ ਕੀਤੀ ਜਾਵੇਗੀ। ਇਸ ਦੌਰਾਨ ਅਬੂ ਆਮਿਰ ਨੇ ਆਪਣੇ **ਹਮ ਮਜ਼ਹਬ** ਸਾਜ਼ਿਸ਼ੀ ਸਾਥੀਆਂ ਨੂੰ ਖ਼ੁਸ਼ਖ਼ਬਰੀ ਸੁਣਾਈ ਕਿ ਛੇਤੀ ਹੀ ਬਹੁਤ ਵੱਡੀ ਫ਼ੌਜ ਲੈ ਕੇ ਮਦੀਨੇ 'ਤੇ ਹਮਲਾ ਕਰ ਦੇਵਾਂਗਾ। ਬਸ ਤੁਸੀਂ ਲੋਕ ਮੇਰੇ ਲਈ ਇੱਕ ਜ਼ਬਰਦਸਤ **ਟਿਕਾਣਾ** ਬਣਾਓ। ਇਸ ਕਾਰਨ ਮੁਨਾਫ਼ਿਕ਼ਾਂ ਨੇ **ਕ਼ਿਬਾ** ਵਿੱਚ ਇੱਕ ਮਸਜਿਦ ਬਣਾਈ ਸੀ। ਇਸ ਮਸਜਿਦ ਨੂੰ **ਮਸਜਿਦਿ ਜ਼ਿਰਾਰ** ਕਿਹਾ ਜਾਂਦਾ ਹੈ। ਅਬੂ ਆਮਿਰ ਦੀ ਖ਼ਾਹਿਸ਼ ਵੀ ਪੂਰੀ ਨਾ ਹੋਈ ਅਤੇ ਆਖ਼ਿਰਕਾਰ ਸ਼ਾਮ ਵਿੱਚ ਹੀ ਤਨਹਾਈ ਅਤੇ ਬੇ-ਵਤਨੀ ਦੀ ਹਾਲਤ ਵਿੱਚ ਨੌਂ ਜਾਂ ਦੱਸ ਹਿਜਰੀ ਵਿੱਚ ਮਰ ਗਿਆ।

ਮੁਨਾਫ਼ਿਕ਼ਾਂ ਨੇ ਜਦ ਮਸਜਿਦ ਦੀ ਤਾਅਮੀਰ ਮੁਕੰਮਲ ਕਰ ਲਈ ਤਾਂ ਉਨ੍ਹਾਂ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲ਼ **ਦਰਖ਼ਾਸਤ** ਕੀਤੀ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਨ੍ਹਾਂ ਦੀ ਮਸਜਿਦ ਵਿੱਚ

ਨਮਾਜ਼ ਅਦਾ ਕਰੋ। ਅੱਲਾਹ ਤਆਲਾ ਦੀ ਹਿਕਮਤ ਕਿ ਇਹ ਲੋਕ ਉਸ ਵੇਲੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ **ਖ਼ਿਦਮਤ** ਵਿੱਚ ਹਾਜ਼ਿਰ ਹੋਏ ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਤਬੂਕ ਦੇ ਲਈ ਰਵਾਨਾ ਹੋਣ ਦੀ ਤਿਆਰੀ ਕਰ ਰਹੇ ਸਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਅਜੇ ਤਾਂ ਮੈਂ **ਮਸਰੂਫ਼** ਹਾਂ, ਸਫ਼ਰ ਦੀ ਤਿਆਰੀ ਕਰ ਰਿਹਾ ਹਾਂ। ਜਦ ਅਸੀਂ ਸਫ਼ਰ ਤੋਂ ਵਾਪਿਸ ਆਵਾਂਗੇ ਤਾਂ ਇਸ ਮਸਜਿਦ ਵਿੱਚ ਨਮਾਜ਼ ਪੜ੍ਹਾਂਗੇ। ਗ਼ਜ਼ਵਾ ਤਬੂਕ ਤੋਂ ਵਾਪਸੀ 'ਤੇ ਇਸ ਮਸਜਿਦ ਦੇ ਬਾਰੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਅੱਲਾਹ ਤਆਲਾ ਨੇ **ਵਹੀ** ਦੇ ਜ਼ਰੀਆ ਸੂਚਨਾ ਦਿੱਤੀ ਅਤੇ ਫ਼ਰਮਾਇਆ "ਅਤੇ ਉਹ ਲੋਕ ਜਿਨ੍ਹਾਂ ਨੇ **ਤਕਲੀਫ਼** ਪਹੁੰਚਾਉਣ ਅਤੇ **ਕੁਫ਼ਰ** ਫੈਲਾਉਣ ਅਤੇ **ਮੋਮਿਨਾਂ** ਦੇ ਦਰਮਿਆਨ **ਫੁੱਟ** ਪਾਉਣ ਅਤੇ ਅਜਿਹੇ ਸ਼ਖ਼ਸ ਨੂੰ **ਕਮੀਨਗਾਹ** ਮੁਹਈਆ ਕਰਨ ਦੇ ਲਈ, ਜਿਹੜਾ ਪਹਿਲਾਂ ਹੀ ਅੱਲਾਹ ਅਤੇ ਉਸਦੇ ਰਸੂਲ ਨਾਲ **ਲੜਾਈ** ਕਰ ਰਿਹਾ ਹੈ, ਇੱਕ ਮਸਜਿਦ ਬਣਾਈ ਹੈ। ਉਹ ਜ਼ਰੂਰ ਕ਼ਸਮਾਂ ਖਾਣਗੇ ਕਿ ਅਸੀਂ ਭਲਾਈ ਦੇ ਸਿਵਾ ਕੁੱਝ ਨਹੀਂ ਚਾਹੁੰਦੇ। ਜਦ ਕਿ ਅੱਲਾਹ ਗਵਾਹੀ ਦਿੰਦਾ ਹੈ ਕਿ ਉਹ ਯਕ਼ੀਨਨ ਝੂਠੇ ਹਨ।" ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸ ਵਹੀ ਦੇ ਬਾਅਦ **ਮਸਜਿਦਿ ਜ਼ਿਰਾਰ** ਨੂੰ ਢਾਉਣ ਦਾ ਹੁਕਮ ਦਿੱਤਾ। ਚੁਨਾਂਚਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਹੁਕਮ 'ਤੇ ਇਸ ਮਸਜਿਦ ਨੂੰ ਅੱਗ ਲਾ ਕੇ **ਸਾੜ** ਦਿੱਤਾ ਗਿਆ।

ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਮਦੀਨੇ ਤਸ਼ਰੀਫ ਲਿਆਏ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਹ ਜਗ੍ਹਾ ਹਜ਼ਰਤ ਆਸਿਮ ਬਿਨ ਅਦੀ ਰਜ਼ਿ ਅੱਲਾਹੁ ਅਨਹੁ ਨੂੰ ਦੇਣੀ ਚਾਹੀ ਤਾਂ ਜੋ ਉਹ ਇੱਥੇ ਆਪਣਾ ਘਰ ਬਣਾ ਲੈਣ। ਪਰ ਹਜ਼ਰਤ ਆਸਿਮ ਰਜ਼ਿ ਅੱਲਾਹੁ ਅਨਹੁ ਨੇ **ਮਾਜ਼ਰਤ** ਕੀਤੀ ਅਤੇ ਸਲਾਹ ਦਿੱਤੀ ਕਿ ਇਹ ਜਗ੍ਹਾ ਸਾਬਿਤ ਬਿਨ ਅਰਕ਼ਮ ਰਜ਼ਿ ਅੱਲਾਹੁ ਅਨਹੁ ਨੂੰ ਦੇ ਦਿੱਤੀ ਜਾਵੇ ਕਿਉਂਕਿ ਉਨ੍ਹਾਂ ਦੇ ਕੋਲ ਕੋਈ ਰਿਹਾਇਸ਼ ਦੀ ਜਗ੍ਹਾ ਨਹੀਂ ਹੈ। ਚੁਨਾਂਚਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਹ ਜਗ੍ਹਾ ਸਾਬਿਤ ਬਿਨ ਅਰਕ਼ਮ ਰਜ਼ਿ ਅੱਲਾਹੁ ਅਨਹੁ ਨੂੰ ਦੇ ਦਿੱਤੀ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬਾਵਜੂਦ ਮੁਨਾਫ਼ਿਕ਼ਾਂ ਦੀ ਇੰਨੀ ਵੱਡੀ ਸਾਜ਼ਿਸ਼ ਦੇ, ਕੋਈ **ਜਿਸਮਾਨੀ** ਯਾ **ਮਾਲੀ** ਸਜ਼ਾ ਨਹੀਂ ਦਿੱਤੀ।

ਘੱਟੋ ਘੱਟ ਦੋ ਮਹੀਨੇ ਦੇ ਸਫ਼ਰ ਦੇ ਬਾਅਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਮਦੀਨੇ ਤਸ਼ਰੀਫ਼ ਲਿਆ ਰਹੇ ਸਨ। ਜਿਵੇਂ ਹੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਮਦੀਨੇ ਦੀ ਬਸਤੀ ਨਜ਼ਰ ਆਈ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਇਹ ਉਹ **ਪਹਾੜ** (ਉਹਦ) ਹੈ ਜਿਹੜਾ ਸਾਡੇ ਨਾਲ ਮੁਹੱਬਤ ਕਰਦਾ ਹੈ ਅਤੇ ਅਸੀਂ ਉਸ ਨਾਲ ਮੁਹੱਬਤ ਕਰਦੇ ਹਾਂ। ਯਾਨੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਮਦੀਨੇ ਦੀ ਇੱਕ ਇੱਕ ਜਗ੍ਹਾ ਨਾਲ **ਮੁਹੱਬਤ** ਸੀ।

ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਮੈਂ ਮਦੀਨੇ ਛੇਤੀ ਪਹੁੰਚਣਾ ਹੈ, ਜਿਹੜਾ ਤੁਹਾਡੇ ਵਿੱਚੋਂ ਮੇਰੇ ਨਾਲ ਚੱਲਣਾ ਚਾਹੇ, ਚੱਲੇ।

ਗ਼ਜ਼ਵਾ ਤਬੂਕ ਤੋਂ ਵਾਪਸੀ 'ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਮਦੀਨੇ ਵਿੱਚ ਕੁੱਝ ਲੋਕ ਹਨ ਕਿ ਜਦ ਵੀ ਤੁਸੀਂ ਕੋਈ **ਵਾਦੀ** ਤੈਅ ਕੀਤੀ ਹੈ ਜਾਂ ਸਫ਼ਰ ਕੀਤਾ ਹੈ ਤਾਂ ਉਹ ਤੁਹਾਡੇ ਨਾਲ ਨਾਲ ਹੀ ਸਨ। ਸਹਾਬਾ ਨੇ ਅਰਜ਼ ਕੀਤਾ ਕਿ ਯਾ ਰਸੂਲੁੱਲਾਹ! ਉਹ ਮਦੀਨੇ ਵਿੱਚ ਹੁੰਦੇ ਹੋਏ ਸਾਡੇ ਨਾਲ ਨਾਲ ਕਿਵੇਂ ਹੋ ਸਕਦੇ ਹਨ? ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਉਹ ਮਦੀਨੇ ਵਿੱਚ ਹੀ ਹਨ ਅਤੇ **ਬਿਮਾਰੀ** ਵਗ਼ੈਰਾ ਦੇ ਕਿਸੇ ਉਜ਼ਰ ਨੇ ਉਨ੍ਹਾਂ ਨੂੰ ਰੋਕਿਆ ਸੀ। ਇੱਕ ਹੋਰ ਰਿਵਾਇਤ ਵਿੱਚ ਹੈ ਕਿ ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਤਸ਼ਰੀਫ ਲਿਆਏ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਅੱਲਾਹ ਤਆਲਾ ਦਾ ਸ਼ੁਕਰ ਅਦਾ ਕਰਦੇ ਹੋਏ ਫ਼ਰਮਾਇਆ ਸਭ ਤਾਰੀਫ਼ਾਂ ਅੱਲਾਹ ਤਆਲਾ ਦੇ ਲਈ ਹਨ ਜਿਸ ਨੇ ਸਾਡੇ ਇਸ ਸਫ਼ਰ ਵਿੱਚ ਸਾਨੂੰ **ਅਜਰ** ਅਤੇ **ਸਵਾਬ** ਅਤੇ **ਨੇਕੀਆਂ** ਨਾਲ ਨਵਾਜ਼ਿਆ ਅਤੇ ਜਿਹੜੇ ਸਾਡੇ ਪਿੱਛੇ ਰਹਿ ਗਏ ਉਨ੍ਹਾਂ ਨੂੰ ਵੀ ਇਸ **ਅਜਰ** ਅਤੇ

**ਸਵਾਬ** ਵਿੱਚ ਸਾਡੇ ਨਾਲ਼ ਸ਼ਾਮਿਲ ਰੱਖਿਆ। ਇਸ ‘ਤੇ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਨੇ ਅਰਜ਼ ਕੀਤਾ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਤਾਂ ਸਫ਼ਰ ਦੀਆਂ **ਮੁਸ਼ਕਿਲਾਂ** ਬਰਦਾਸ਼ਤ ਕੀਤੀਆਂ ਹਨ ਅਤੇ ਫਿਰ ਇਸ **ਅਜਰ** ਅਤੇ **ਸਵਾਬ** ਦੇ ਹੱਕ਼ਦਾਰ ਠਹਿਰੇ ਹੋ। ਉਹ ਤਕਲੀਫ਼ਾਂ ਬਰਦਾਸ਼ਤ ਕੀਤੇ ਬਗ਼ੈਰ **ਅਜਰ** ਅਤੇ **ਸਵਾਬ** ਵਿੱਚ ਸ਼ਰੀਕ ਕਿਵੇਂ ਹੋ ਗਏ? ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਉਹ ਲੋਕ ਜਿਨ੍ਹਾਂ ਨੂੰ ਬਿਮਾਰੀ ਨੇ ਰੋਕਿਆ ਉਹ ਸਾਡੇ ਸਾਥੀ ਹਨ। ਅੱਲਾਹ ਦੀ ਕ਼ਸਮ ਉਨ੍ਹਾਂ ਦੀ ਦੁਆ ਦੁਸ਼ਮਣ ‘ਤੇ ਸਾਡੇ ਹਥਿਆਰਾਂ ਨਾਲੋਂ ਜ਼ਿਆਦਾ **ਕਾਰਗਰ** ਹੈ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਆਮਦ ‘ਤੇ ਮਦੀਨੇ ਦੇ ਲੋਕ ਸ਼ਹਿਰ ਤੋਂ ਬਾਹਰ ਆ ਗਏ ਅਤੇ **ਤਰਾਨੇ** ਅਤੇ **ਸ਼ਿਅਰ** ਪੜ੍ਹ ਪੜ੍ਹ ਕੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ **ਸਵਾਗਤ** ਕੀਤਾ।

ਆਖ਼ਿਰ ‘ਤੇ ਹਜ਼ੂਰ ਅਨਵਰ ਨੇ ਫ਼ਰਮਾਇਆ ਇੰਸ਼ਾ ਅੱਲਾਹ ਬਾਕ਼ੀ ਕੁੱਝ ਹੋਰ ਵੀ ਵਾਕ਼ਿਆ ਹਨ, ਸੀਰਤ ਦੇ ਪਹਿਲੂ ਹਨ, ਉਹ **ਆਇੰਦਾ** ਬਿਆਨ ਕਰਾਂਗਾ।

أَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَ نَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ أَنْفُسِنَا وَمِنْ سَیِّاٰتِ أَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ ۞ وَنَشْھَدُ أَنْ لَّآ إِلٰہَ إِلَّا اللّٰہُ وَحْدَہٗ لَا شَرِیْکَ لَہٗ وَنَشْھَدُ أَنَّ مُحَمَّدًا عَبْدُہٗ وَ رَسُوْلُہٗ ۞ عِبَادَ اللّٰہِ رَحِمَکُمُ اللّٰہِ إِنَّ اللّٰہَ یَأْمُرُ بِالْعَدْلِ وَالْإِحْسَانِ وَ إِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ ۚ یَعِظُکُمْ لَعَلَّکُمْ تَذَکَّرُوْنَ أُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ أَکْبَرُ ۞